National Research Journal of Social Sciences ISSN: 2348-473X
Volume-11, Issue-1, January-June 2026 Peer Reviewed & Refereed Journal (IF: 6.74)
PP: 235-239 Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ: ਵਿਚਾਰਧਾਰਾਈ ਪਰਿਪੇਖ

**ਅੰਜੂ ਬਾਲਾ**

ਸਹਾਇਕ ਪ੍ਰੋਫ਼ੈਸਰ
ਪੰਜਾਬੀ ਵਿਭਾਗ, ਪੀਸੀਐਮ ਐੱਸ.ਡੀ. ਕਾਲਜ ਫ਼ਾਰ ਵੂਮੈਨ, ਜਲੰਧਰ

**ਸਾਰ ਤੱਤ:**

ਸਿੱਖ ਧਰਮ ਦੇ ਇਤਿਹਾਸ ਅਤੇ ਸਿੱਖ ਕੌਮ ਦੇ ਜੀਵਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਤਾ ਸਰਵ-ਉੱਚ ਹੈ। ਇਸ ਪਵਿੱਤਰ ਗ੍ਰੰਥ ਵਿਚ ਦਰਜ ਬਾਣੀ ਜਿੱਥੇ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰਦੀ ਹੈ ਉੱਥੇ ਮਨੁੱਖ ਨੂੰ ਸੱਚਾ ਸੁੱਚਾ ਆਚਰਣ ਧਾਰਨ ਕਰਨ ਲਈ ਨੈਤਿਕਤਾ ਦਾ ਪਾਠ ਵੀ ਪੜਾਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਪੰਜਵੀ ਪਾਤਸ਼ਾਹੀ, ਗੁਰੂ ਅਰਜਨ ਦੇਵ ਜੀ ਨੇ 1604 ਈ. ਵਿਚ ਕਰਵਾਇਆ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਨਾਲ ਨਾਲ ਕੁੱਝ ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਵੀ ਇਸ ਗ੍ਰੰਥ ਵਿਚ ਅਹਿਮ ਸਥਾਨ ਦਿੱਤਾ। ਗੁਰੂ ਅਰਜਨ ਦੇਵ ਜੀ ਤੋਂ ਬਾਅਦ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਭਾਈ ਮਨੀ ਜੀ ਪਾਸੋਂ ਇਸ ਗ੍ਰੰਥ ਵਿਚ ਸ਼ਾਮਿਲ ਕਰਵਾਇਆ ਅਤੇ ਇਸ ਗ੍ਰੰਥ ਨੂੰ ਸ਼ਬਦ ਰੂਪੀ 'ਗੁਰੂ' ਦਾ ਦਰਜਾ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਰਾਮਦਾਸ, ਗੁਰੂ ਅਮਰਦਾਸ, ਗੁਰੂ ਅਰਜਨ ਦੇਵ, ਭਗਤ ਰਵੀਦਾਸ, ਭਗਤ ਨਾਮਦੇਵ, ਭਗਤ ਕਬੀਰ, ਬਾਬਾ ਫਰੀਦ ਆਦਿ ਮਹਾਨ ਸ਼ਖ਼ਸੀਅਤਾਂ ਦੀ ਬਾਣੀ ਦਰਜ ਹੈ ਜੋ ਕਿ ਮਨੁੱਖੀ ਆਚਰਣ ਨੂੰ ਉੱਚਾ ਚੁੱਕਣ, ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣ, ਸੰਸਾਰਕ ਨਾਸ਼ਵਾਨ ਵਸਤੂਆਂ ਅਤੇ ਝੂਠੇ ਰਿਸ਼ਤਿਆਂ ਪ੍ਰਤੀ ਮੋਹ ਪਿਆਰ ਨੂੰ ਤਿਆਗਣ ਦਾ ਸੁਨੇਹਾ ਦਿੰਦੀ ਹੋਈ ਪ੍ਰਭੂ ਸਿਮਰਨ ਨਾਲ ਜੁੜਨ ਦੀ ਸਿੱਖਿਆ ਦਿੰਦੀ ਹੈ। ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੀ ਬਾਣੀ ਨੂੰ ਪੜ੍ਹਕੇ ਪਰਮਾਤਮਾ ਅਤੇ ਮਨੁੱਖੀ ਜੀਵਨ ਦੇ ਅਸਲ ਸੱਚ ਸੰਬੰਧੀ ਗਿਆਨ ਹਾਸਿਲ ਹੁੰਦਾ ਹੈ। ਉਪਰੋਕਤ ਵਰਣਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਵਾਂਗ ਹੀ ਨੌਵੀਂ ਪਾਤਸ਼ਾਹੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਜਿਸ ਦਾ ਮੂਲ ਮਨੋਰਥ ਸਮੁੱਚੀ ਮਾਨਵਤਾ ਦੀ ਭਲਾਈ ਹਿੱਤ ਵਿਸ਼ੇ ਵਿਕਾਰਾਂ ਰਹਿਤ, ਸੱਚਾ-ਸੁੱਚਾ, ਉੱਚ ਆਚਰਣ ਵਾਲਾ ਜੀਵਨ ਜੀਉਣ ਅਤੇ ਨਾਮ ਸਿਮਰਨ ਦੀ ਪ੍ਰੇਰਨਾ ਦੇਣਾ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਮਹੱਤਤਾ ਨੂੰ ਸਮਝਦੇ ਹੋਏ ਇਸ ਪਰਚੇ ਰਾਹੀਂ 'ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ: ਵਿਚਾਰਧਾਰਾਈ ਪਰਿਪੇਖ' ਵਿਸ਼ੇ ਉੱਪਰ ਚਰਚਾ ਕੀਤੀ ਜਾਵੇਗੀ ਅਤੇ ਗੁਰੂ ਜੀ ਦੀ ਬਾਣੀ ਦਾ ਵਿਸ਼ੇ ਦੀ ਸਾਰਥਕਤਾ ਨੂੰ ਧਿਆਨ ਵਿਚ ਰੱਖਦਿਆਂ ਨਿੱਠ ਕੇ ਅਧਿਐਨ ਕੀਤਾ ਜਾਵੇਗਾ।

**ਕੁੰਜੀਵੱਤ ਸ਼ਬਦ:** ਗੁਰੂ, ਬਾਣੀ, ਸ਼ਬਦ, ਸਲੋਕ, ਮਨੁੱਖ, ਮਾਨਵਤਾ, ਸਿਮਰਨ, ਪ੍ਰਭੂ, ਨਾਸ਼ਮਾਨਤਾ, ਪਰਮਾਤਮਾ

ਦੇਗ਼ ਤੇਗ਼ ਦੇ ਧਨੀ, ਸ਼ਾਂਤੀ ਦੇ ਪੁੰਜ, ਤਿਆਗ ਦੀ ਮੂਰਤ ਅਤੇ ਪ੍ਰੇਮ ਦੇ ਪ੍ਰਤੀਕ, ਗੁਰੂ ਤੇਗ਼ ਬਹਾਦਰ ਜੀ ਦੀ ਅਦੁੱਤੀ ਸ਼ਖ਼ਸੀਅਤ ਤੋਂ ਸਾਰਾ ਸੰਸਾਰ ਭਲੀ ਭਾਂਤ ਜਾਣੂ ਹੈ। ਗੁਰੂ ਸਾਹਿਬ ਸਿੱਖਾਂ ਦੇ ਨੌਵੇ ਗੁਰੂ ਸਨ ਜਿਨ੍ਹਾਂ ਨੇ ਦੇਸ਼, ਕੌਮ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਦੀ ਸ਼ਹੀਦੀ ਸਦਕਾ ਹੀ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਮੀਰੀ ਪੀਰੀ ਦੇ ਧਾਰਕ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ 01 ਅਪ੍ਰੈਲ, 1621 ਈ. ਨੂੰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਦੇ ਚਾਰ ਭਰਾ, ਇਕ ਭੈਣ ਸਨ ਅਤੇ ਉਹ ਆਪਣੇ ਮਾਤਾ-ਪਿਤਾ ਦੇ ਪੰਜਵੇਂ ਪੁੱਤਰ ਸਨ। ਗੁਰੂ ਤੇਗ਼ ਬਹਾਦਰ ਬਚਪਨ ਤੋਂ ਹੀ ਬੜੇ ਚੁਸਤ, ਚੇਤੰਨ, ਹਿੰਮਤੀ, ਨਿਡਰ ਪਰੰਤੂ ਸ਼ਾਂਤ ਸੁਭਾਅ ਦੇ ਮਾਲਿਕ ਸਨ। ਚਿੱਤ ਵੈਰਾਗੀ ਹੋਣ ਕਰਕੇ ਉਹ ਦੁਨਿਆਵੀ ਕੰਮਾਂ ਵਿਚ ਦਿਲਚਸਪੀ ਨਾ ਲੈਂਦੇ ਅਤੇ ਇਕਾਂਤ ਵਿਚ ਰਹਿਣਾ ਪਸੰਦ ਕਰਦੇ। ਉਹ ਤਪ ਸਾਧਨਾ ਵਿਚ ਮਗਨ ਰਹਿੰਦੇ ਅਤੇ ਉਮਰ ਵਧਣ ਦੇ ਨਾਲ ਨਾਲ ਉਨ੍ਹਾਂ ਦੀ ਇਹ ਰੁਚੀ ਵੀ ਵੱਧਦੀ ਗਈ। ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਅਜਿਹੀ ਸ਼ਖ਼ਸੀਅਤ ਉੱਪਰ ਉਨ੍ਹਾਂ ਦੇ ਵੱਡੇ ਭਰਾਵਾਂ ਬਾਬਾ ਗੁਰਦਿੱਤਾ ਜੀ, ਸੂਰਜ ਮਲ, ਅਣੀ ਰਾਇ ਅਤੇ ਅਟੱਲ ਰਾਇ ਜੀ ਦੇ ਸਾਧੂ ਸੁਭਾਅ ਦਾ ਪ੍ਰਭਾਵ ਵੀ ਸੀ।

ਗੁਰੂ ਤੇਗ਼ ਬਹਾਦਰ ਜੀ ਨੇ ਬਚਪਨ ਵਿਚ ਧਰਮ, ਰਾਜਨੀਤੀ, ਸੰਗੀਤ ਵਿੱਦਿਆ ਦੇ ਨਾਲ ਨਾਲ ਸ਼ਸਤਰ ਵਿੱਦਿਆ ਵਿਚ ਵੀ ਮੁਹਾਰਤ ਹਾਸਿਲ ਕੀਤੀ ਸੀ। ਉਹ ਤਲਵਾਰ ਚਲਾਉਣ ਵਿਚ ਬੜੇ ਨਿਪੁੰਨ ਸਨ। ਉਨ੍ਹਾਂ ਨੇ ਆਪਣੀ ਇਸ ਨਿਪੁੰਨਤਾ ਦਾ ਪ੍ਰਮਾਣ 13 ਸਾਲ ਦੀ ਉਮਰ ਵਿਚ ਕਰਤਾਰਪੁਰ ਦੀ ਲੜਾਈ ਵਿਖੇ ਪੇਸ਼ ਕੀਤਾ ਜਿਸ ਤੋਂ ਪ੍ਰਭਾਵਿਤ ਹੋਕੇ ਉਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਦਾ ਨਾਮ 'ਤਿਆਗ ਮਲ' ਦੀ ਜਗ੍ਹਾ 'ਤੇਗ਼ ਬਹਾਦਰ' ਰੱਖ ਦਿੱਤਾ। ਤਾਰਨ ਸਿੰਘ ਦੇ ਸ਼ਬਦਾਂ ਵਿਚ:

> ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਸਾਹਿਬ ਦਾ ਪਹਿਲਾ ਨਾਮ ਤਿਆਗ ਮਲ ਸੀ, ਕਰਤਾਰਪੁਰ ਵਾਲੀ ਜੰਗੀ ਬਹਾਦਰੀ ਸਦਕਾ ਪਿਤਾ ਗੁਰੂ ਹਰਿਗੋਬਿੰਦ ਨੇ ਖੁਸ਼ ਹੋ ਕੇ 'ਤੇਗ਼ ਬਹਾਦਰ' ਕਹਿ ਕੇ ਸਨਮਾਨਿਆ।[1]

ਗੁਰੂ ਤੇਗ਼ ਬਹਾਦਰ ਜੀ ਸਦਾ ਆਪਣੇ ਪਿਤਾ ਹਰਿਗੋਬਿੰਦ ਜੀ ਵਲੋਂ ਕੀਤੇ ਮਾਰਗਦਰਸ਼ਨ ਅਨੁਸਾਰ ਜੀਵਨ ਬਤੀਤ ਕਰਦੇ ਸਨ। ਗੁਰੂ ਜੀ ਦੀ ਪ੍ਰੇਰਨਾ ਸਦਕਾ ਹੀ ਗੁਰੂ ਤੇਗ਼ ਬਹਾਦਰ ਜੀ ਬਕਾਲਾ ਚਲੇ ਗਏ ਜਿੱਥੇ ਉਨ੍ਹਾਂ ਇਕ ਭੋਰੇ ਵਿਚ ਬੈਠ ਕੇ 20 ਸਾਲ ਕਠਿਨ ਤੱਪਸਿਆ ਕੀਤੀ ਅਤੇ ਸਮਾਂ ਆਉਣ ਤੇ ਸ਼ਾਂਤਮਈ ਤਰੀਕੇ ਨਾਲ ਸੂਝਤਾ ਦਾ ਪ੍ਰਮਾਣ ਪੇਸ਼ ਕਰਦਿਆਂ ਗੁਰੂ ਗੱਦੀ ਦੇ ਵਾਰਿਸ ਹੋਣ ਦਾ ਦਾਅਵਾ ਕਰਨ ਵਾਲੇ


© Copyright @ Authors

22 ਪਾਖੰਡੀਆਂ ਦਾ ਭਾਂਡਾ ਭੰਨਿਆ। ਤੇਗ਼ ਬਹਾਦਰ ਜੀ ਪਹਿਲੇ ਪੰਜ ਗੁਰੂ ਸਾਹਿਬਾਨ ਦੇ ਜੀਵਨ ਦਰਸ਼ਨ ਅਤੇ ਵਿਚਾਰਧਾਰਾ ਤੋਂ ਵੀ ਭਲੀਭਾਂਤ ਜਾਣੂ ਸਨ। ਇਸ ਲਈ ਗੁਰੂ ਗੱਦੀ ਸੰਭਾਲਣ ਉਪਰੰਤ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਮਨੋਰਥ ਅਤੇ ਵਿਚਾਰਧਾਰਾ ਨੂੰ ਅਗਾਂਹ ਤੋਰਨ ਵਾਸਤੇ ਵੱਖ ਵੱਖ ਥਾਵਾਂ ਦੀ ਯਾਤਰਾ ਲਈ ਚੱਲ ਪਏ। ਉਹ ਅੰਮ੍ਰਿਤਸਰ, ਕੀਰਤਪੁਰ, ਕੈਥਲ, ਕੁਰੂਕਸ਼ੇਤਰ, ਦਿੱਲੀ, ਬਨਾਰਸ, ਅਯੁਧਿਆ, ਮਥਰਾ, ਆਗਰਾ, ਅਲਾਹਾਬਾਦ, ਬੰਗਾਲ ਆਦਿ ਇਲਾਕਿਆਂ ਵਿਚ ਗਏ। ਇਨ੍ਹਾਂ ਇਲਾਕਿਆਂ ਦੀ ਯਾਤਰਾ ਦੌਰਾਨ ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਦੇ ਨਾਲ-ਨਾਲ ਸਿੱਖਾਂ ਨੂੰ ਨਾਮ ਸਿਮਰਨ ਕਰਨ ਅਤੇ ਹਿੰਦੂ ਸਿੱਖਾਂ ਨੂੰ ਇਕਮੁੱਠ ਹੋ ਕੇ ਰਹਿਣ ਦਾ ਸੁਨੇਹਾ ਦਿੱਤਾ।

ਗੁਰੂ ਤੇਗ਼ ਬਹਾਦਰ ਜੀ ਦੇ ਸਮਕਾਲੀ ਸਮਾਜ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਵਿਵਸਥਾ ਬਹੁਤ ਖਰਾਬ ਸੀ। ਚਾਰੇ ਪਾਸੇ ਅਸ਼ਾਂਤੀ, ਅਰਾਜਕਤਾ ਅਤੇ ਧੱਕੇਸ਼ਾਹੀ ਦਾ ਬੋਲਬਾਲਾ ਸੀ। ਅਮਨ, ਸ਼ਾਂਤੀ, ਸਾਂਝੀਵਾਲਤਾ, ਅਤੇ ਭਾਈਚਾਰੇ ਵਰਗੇ ਮਾਨਵੀ ਗੁਣ ਕਿਤੇ ਨਜ਼ਰ ਨਹੀਂ ਆਉਂਦੇ ਸੀ। ਅਜਿਹੇ ਸਮੇਂ ਗੁਰੂ ਤੇਗ਼ ਬਹਾਦਰ ਜੀ ਨੇ ਸਮੁੱਚੀ ਮਾਨਵਤਾ ਨੂੰ ਭਾਈਚਾਰਕ ਸਾਂਝ ਦੇ ਸੂਤਰ ਵਿਚ ਪਰੋਣ ਅਤੇ ਕਲਿਆਣਕਾਰੀ ਸਮਾਜ ਦੀ ਸਿਰਜਣਾ ਹਿੱਤ 16 ਰਾਗਾਂ ਵਿਚ 59 ਸ਼ਬਦਾਂ ਅਤੇ ਦੋਹਰੇ ਦੇ ਰੂਪ ਵਿਚ 57 ਸਲੋਕਾਂ ਦੀ ਰਚਨਾ ਕੀਤੀ। ਉਨ੍ਹਾਂ ਨੇ ਰਾਗ ਆਸਾ, ਰਾਗ ਸੋਰਠਿ, ਰਾਗ ਗਾਉੜੀ, ਰਾਗ ਧਨਾਸਰੀ, ਰਾਗ ਤਿਲੰਗ, ਰਾਗ ਬਸੰਤ, ਰਾਗ ਰਾਮਕਲੀ ਆਦਿ ਦਾ ਪ੍ਰਯੋਗ ਬਾਣੀ ਵਿਚ ਕੀਤਾ ਅਤੇ ਬੜੀ ਹੀ ਸਰਲ ਅਤੇ ਆਸਾਨੀ ਨਾਲ ਸਮਝ ਆ ਜਾਣ ਵਾਲੀ ਬ੍ਰਜ ਭਾਸ਼ਾ ਦੀ ਵਰਤੋ ਕੀਤੀ। ਉਨ੍ਹਾਂ ਦੀ ਬਾਣੀ ਰਾਹੀਂ ਉਨ੍ਹਾਂ ਦੀ ਪਰਮਾਤਮਾ, ਮਨੁੱਖੀ ਜੀਵਨ ਅਤੇ ਸੰਸਾਰ ਸੰਬੰਧੀ ਦਾਰਸ਼ਨਿਕ ਸੋਚ/ਵਿਚਾਰਧਾਰਾ ਦਾ ਪਤਾ ਚਲਦਾ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਸਰਵ-ਸ਼੍ਰੇਸ਼ਠ ਦੱਸਦਿਆਂ ਮਨੁੱਖ ਨੂੰ ਵਿਸ਼ੇ ਵਿਕਾਰਾਂ ਦਾ ਤਿਆਗ ਕਰਨ, ਸੰਸਾਰਕ ਨਾਸ਼ਮਾਨਤਾ ਦੇ ਸੱਚ ਨੂੰ ਸਮਝਣ, ਦੁਨਿਆਵੀ ਮੋਹ ਮਾਇਆ ਨੂੰ ਭੁੱਲ ਕੇ ਪ੍ਰਭੂ ਦਾ ਸਿਮਰਨ ਕਰਨ ਦਾ ਸੁਨੇਹਾ ਦਿੱਤਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਵਿਚਾਰਧਾਰਾ ਪ੍ਰਮੁੱਖ ਰੂਪ ਵਿਚ ਪਰਮਾਤਮਾ ਤੇ ਹੀ ਕੇਂਦਰਿਤ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪਰਮਾਤਮਾ ਸਰਵ ਸ੍ਰੇਸ਼ਠ ਅਤੇ ਸਰਵ ਸ਼ਕਤੀਮਾਨ ਹੈ। ਉਹ ਸਾਰੀ ਦੁਨੀਆ ਨੂੰ ਚਲਾਉਣ ਵਾਲਾ ਹੈ। ਉਸ ਨੇ ਹੀ ਸਾਰੇ ਜਗਤ ਦੀ ਸਿਰਜਣਾ ਕੀਤੀ ਹੈ ਅਤੇ ਉਸ ਤੋਂ ਉੱਪਰ ਕੋਈ ਵੀ ਨਹੀਂ ਹੈ।ਉਹ ਮਨੁੱਖ ਨੂੰ ਪਭੂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ ਕਿ ਸਾਰੀ ਦੁਨੀਆ, ਸਾਰੀ ਸ੍ਰਿਸ਼ਟੀ ਉਸ ਪ੍ਰਭੂ ਨੇ ਹੀ ਬਣਾਈ ਹੈ। ਉਹੀ ਇਸਦੀ ਰਚਨਾ ਕਰਨ ਵਾਲਾ ਹੈ। ਉਦਾਹਰਨ:

ਸਾਧੋ ਰਚਨਾ ਰਾਮ ਬਨਾਈ॥ [2]

ਮਨਮੁੱਖ ਬੰਦਾ ਪਰਮਾਤਮਾ ਦੇ ਅਸਲ ਸੱਚ ਨੂੰ ਸਮਝਣ ਵਿਚ ਅਸਮਰਥ ਹੁੰਦਾ ਹੈ। ਉਹ ਦੁਨੀਆਂ ਵਿਚ ਆਕੇ ਪ੍ਰਭੂ ਨੂੰ ਵਿਸਾਰ ਦਿੰਦਾ ਹੈ ਅਤੇ ਧੰਨ ਦੌਲਤ ਦੀ ਵਰਤੋਂ ਰਾਹੀਂ ਸਭ ਕੁੱਝ ਆਪਣੇ ਵੱਸ ਕਰਨਾ ਚਾਹੁੰਦਾ ਹੈ। ਅਜਿਹੇ ਮਨਮੁੱਖ ਮਨੁੱਖ ਨੂੰ ਪ੍ਰਭੂ ਦੇ ਉੱਚ ਸਰੂਪ ਸੰਬੰਧੀ ਪ੍ਰੇਰਣਾ ਦਿੰਦੇ ਹੋਏ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਕੁੱਲ ਦੁਨੀਆਂ ਦਾ ਕਰਤਾ ਆਖਿਆ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਸਮੇਂ ਵੱਖ-ਵੱਖ ਧਰਮਾਂ ਅਤੇ ਜਾਤੀਆਂ ਵਿਚ ਵੰਡੇ ਲੋਕ ਭਿੰਨ-ਭਿੰਨ ਨਾਵਾਂ ਨਾਲ ਪ੍ਰਭੂ ਨੂੰ ਸੰਬੋਧਿਤ ਕਰਦੇ ਸਨ। ਇਸ ਲਈ ਗੁਰੂ ਜੀ ਨੇ ਸਭ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਬੰਨਣ ਲਈ ਆਪਣੀ ਬਾਣੀ ਵਿਚ ਪਰਮਾਤਮਾ ਨੂੰ ਵੱਖ-ਵੱਖ ਨਾਵਾਂ ਨਾਲ ਸੰਬੋਧਿਤ ਕੀਤਾ ਹੈ ਜਿਵੇਂ ਗੁਸਾਈ, ਰਾਮ, ਗੋਬਿੰਦ, ਹਰੀ, ਨਾਰਾਇਨ, ਨਿਰੰਜਨ, ਭੈ ਭੰਜਨ, ਏਕ ਪੁਰਖ, ਗੁਸਾਈਂ, ਰਾਮਨਾਥ ਆਦਿ। ਉਦਾਹਰਨ:

ਸਾਧੋ ਗੋਬਿੰਦ ਕੇ ਗੁਨ ਗਾਵਉ॥

ਮਾਨਸ ਜਨਮੁ ਅਮੋਲਕੁ ਪਾਇਓ

ਬਿਰਥਾ ਕਾਹਿ ਗਵਾਵਹੁ॥ [3]

ਇੰਜ ਇਕ ਹੋਰ ਉਦਾਹਰਨ ਇਥੇ ਦੇਖੀ ਜਾ ਸਕਦੀ ਹੈ। ਜਿਵੇਂ

ਸਾਧੋ ਰਾਮ ਸਰਨਿ ਬਿਸਰਾਮਾ॥

ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥ [4]

ਗੁਰੂ ਜੀ ਵਲੋਂ ਪ੍ਰਭੂ ਦੇ ਵੱਖ ਵੱਖ ਨਾਵਾਂ ਦਾ ਪ੍ਰਯੋਗ ਕਰਦਿਆਂ ਮਨੁੱਖ ਨੂੰ ਪਰਮਾਤਮਾ ਦੇ ਸਿਮਰਨ ਨਾਲ ਜੁੜਨ ਦਾ ਸੁਨੇਹਾ ਦਿੱਤਾ ਗਿਆ ਹੈ। ਉਨ੍ਹਾਂ ਦਾ ਇਹ ਮੰਨਣਾ ਸੀ ਕਿ ਮਨੁੱਖ ਚਾਹੇ ਪ੍ਰਰਮਾਤਮਾ ਨੂੰ ਕਿਸੇ ਵੀ ਨਾਮ ਨਾਲ ਯਾਦ ਕਰ ਲਵੇ ਜਾਂ ਕੋਈ ਵੀ ਧਾਰਮਿਕ ਗ੍ਰੰਥ ਪੜ ਲਵੇ ਪਰੰਤੂ ਅਸਲ ਵਿਚ ਉਸ ਦਾ ਮਨ ਪ੍ਰਭੂ ਦੇ ਸਿਮਰਨ ਨਾਲ ਜੁੜਨਾ ਚਾਹੀਦਾ ਹੈ।

ਗੁਰੂ ਤੇਗ਼ ਬਹਾਦਰ ਪਰਮਾਤਮਾ ਦੇ ਅਪਾਰ, ਬੇਅੰਤ, ਅਗਿਣਤ ਸਰੂਪ ਨੂੰ ਜਾਣਦੇ ਸਨ। ਗੁਰੂ ਜੀ ਅਨੁਸਾਰ ਪਰਮਾਤਮਾ ਅਜਿਹੀ ਹਸਤੀ ਹੈ ਜੋ ਬਹੁਤ ਦਿਆਲੂ ਹੈ। ਉਹ ਸਭ ਤੇ ਦਇਆ ਕਰਨ ਵਾਲਾ ਹੈ। ਉਸਦਾ ਕੋਈ ਪਾਰਾਵਾਰ ਨਹੀਂ, ਉਹ ਸੀਮਾਵਾਂ ਤੋਂ ਰਹਿਤ, ਅਸੀਮ ਹੈ। ਉਸ ਦਾ ਰੂਪ ਬੇਅੰਤ ਹੈ ਅਤੇ ਮਨੁੱਖ ਦੀ ਗਿਣਤੀ ਤੋਂ ਪਰਾਂ ਹੈ। ਗੁਰੂ ਤੇਗ਼ ਬਹਾਦਰ ਜੀ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਪਰਮਾਤਮਾ ਨੇ ਆਪਣੇ ਅਪਾਰ ਸਰੂਪ ਦੇ ਨਾਲ ਜਗਤ ਨੂੰ ਭਰਮਾਇਆ ਹੋਇਆ ਹੈ। ਉਦਾਹਰਨ:


© Copyright @ Authors

ਅਗਨਤ ਅਪਾਰੁ ਅਲਖ ਨਿਰੰਜਨ

ਜਿਹ ਸਭ ਜਗੁ ਭਰਮਾਇਓ॥[5]

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਮਨਮੁੱਖ ਲੋਕ ਇਸ ਦੁਨੀਆ ਵਿਚ ਪੈਸੇ ਦੀ ਤਾਕਤ ਨਾਲ ਸੁੱਖ ਆਰਾਮ ਦੇਣ ਵਾਲੀਆਂ ਕਈ ਵਸਤੂਆਂ ਖਰੀਦਦੇ ਹਨ ਪਰ ਫਿਰ ਵੀ ਉਹ ਚਿੰਤਾਵਾਂ ਵਿਚ ਘਿਰੇ ਰਹਿੰਦੇ ਹਨ। ਅਜਿਹੇ ਮਨੁੱਖ ਜੋ ਸੁੱਖਾਂ ਦੀ ਭਾਲ ਵਿਚ ਭਟਕਦੇ ਰਹਿੰਦੇ ਹਨ ਅਤੇ ਅਸ਼ਾਂਤ ਰਹਿੰਦੇ ਹਨ, ਉਨ੍ਹਾਂ ਮਨੁੱਖਾਂ ਨੂੰ ਗੁਰੂ ਜੀ ਨੇ ਸਿੱਧੇ ਰਾਹ ਪਾਉਣ ਲਈ ਦੁਨਿਆਵੀ ਵਸਤਾਂ ਦੇ ਸੁੱਖ ਆਰਾਮ ਪਿੱਛੇ ਨਾ ਭੱਜਣ ਅਤੇ ਪ੍ਰਭੂ ਸਿਮਰਨ ਦਾ ਸੁਨੇਹਾ ਦਿੱਤਾ ਹੈ। ਗੁਰੂ ਜੀ ਨੇ ਪਰਮਾਤਮਾ ਨੂੰ ਸਰਵ ਸੁੱਖ ਦਾਤਾ ਦਸਦਿਆਂ ਸਭ ਸੁੱਖਾਂ ਦੀ ਬਖਸ਼ਿਸ਼ ਕਰਨ ਵਾਲਾ ਕਿਹਾ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਰਾਮ ਤੋਂ ਬਿਨਾਂ ਕੋਈ ਦੂਜਾ ਸੁੱਖਾਂ ਦੀ ਦਾਤ ਨਹੀਂ ਵੰਡਦਾ। ਉਸ ਪਰਮਾਤਮਾ ਨੂੰ ਸਿਮਰਨ ਦੇ ਨਾਲ ਹੀ ਮਨੁੱਖ ਦੀ ਮੁਕਤੀ ਹੁੰਦੀ ਹੈ। ਇੰਜ ਗੁਰੂ ਜੀ ਨੇ ਮਨੁੱਖ ਨੂੰ ਉਸ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੇਰਣਾ ਦਿੱਤੀ ਹੈ। ਉਦਾਹਰਨ:

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ॥[6]

ਗੁਰੂ ਤੇਗ਼ ਬਹਾਦਰ ਜੀ ਨੇ ਬਾਣੀ ਰਾਹੀਂ ਮਾਇਆ ਦੇ ਸੰਕਲਪ ਨੂੰ ਵੀ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਮਾਇਆ ਅਸਲ ਵਿਚ ਪਰਮਾਤਮਾ ਦੇ ਅਧੀਨ ਹੀ ਵਿਚਰਦੀ ਹੈ। ਮਾਇਆ ਦਾ ਖੇਡ ਪਰਮਾਤਮਾ ਵਲੋਂ ਹੀ ਰਚਿਆ ਜਾਂਦਾ ਹੈ। ਉਹ ਆਪ ਚਾਰੇ ਪਾਸੇ ਭਿੰਨ-ਭਿੰਨ ਰੂਪਾਂ ਦੇ ਵਿਚ ਪਸਰਿਆ ਹੋਇਆ ਹੋਕੇ ਵੀ ਸੱਭ ਤੋਂ ਵੱਖਰਾ ਹੀ ਰਹਿੰਦਾ ਹੈ। ਉਦਾਹਰਨ:

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥

ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥[7]

ਅਸਲ ਵਿਚ ਮਾਇਆ ਦੇ ਚੱਕਰ ਵਿਚ ਫਸ ਕੇ ਮਨੁੱਖ ਉਸ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਮਾਇਆ ਹੀ ਆਤਮਾ ਅਤੇ ਪਰਮਾਤਮਾ ਦੇ ਵਿਯੋਗ ਦਾ ਕਾਰਨ ਬਣਦੀ ਹੈ। ਮਾਇਆ ਦੀ ਗ੍ਰਿਫਤ ਵਿਚ ਆਕੇ ਮਨੁੱਖ ਸੰਸਾਰਕ ਪਦਾਰਥਾਂ ਦੇ ਲੋਭ ਲਾਲਚ ਅਤੇ ਰਿਸ਼ਤੇ ਨਾਤਿਆਂ ਦੇ ਮੋਹ ਪਿਆਰ ਵਿਚ ਪੈਂਦਾ ਹੈ। ਇਸਦੇ ਸਿੱਟੇ ਵਜੋਂ ਚੁਰਾਸੀ ਲੱਖ ਜੂਨਾਂ ਭੋਗਦਾ ਹੈ। ਗੁਰੂ ਜੀ ਆਪਣੀ ਬਾਣੀ ਰਾਹੀਂ ਇਹ ਫਰਮਾਉਂਦੇ ਹਨ ਕਿ ਜਿਹੜਾ ਮਨੁੱਖ ਮਾਇਆ ਦੇ ਚੱਕਰ ਤੋਂ ਆਪਣੇ ਆਪ ਨੂੰ ਨਿਰਲੇਪ ਰੱਖਦਾ ਹੈ, ਉਸ ਮਨੁੱਖ ਦੇ ਹਿਰਦੇ ਅੰਦਰ ਉਹ ਪਰਮਾਤਮਾ ਆਪ ਨਿਵਾਸ ਕਰਦਾ ਹੈ। ਉਦਾਹਰਨ:

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸ॥[8]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਦਾ ਸੰਕਲਪ ਵੀ ਅਹਿਮ ਰੂਪ ਵਿਚ ਪ੍ਰਗਟ ਹੋਇਆ ਹੈ। ਗੁਰੂ ਜੀ ਨੇ ਮਨੁੱਖ ਨੂੰ ਸੰਸਾਰਿਕ ਵਸਤੂਆਂ ਅਤੇ ਰਿਸ਼ਤੇ ਨਾਤਿਆਂ ਦੀ ਮੋਹ ਮਾਇਆ ਤੋਂ ਮੁਕਤ ਕਰਵਾਉਣ ਲਈ ਆਪਣੀ ਬਾਣੀ ਵਿਚ ਨਾਸ਼ਮਾਨਤਾ ਦੇ ਸੰਕਲਪ ਨੂੰ ਵਧੇਰੇ ਵਿਸਥਾਰ ਨਾਲ ਸਮਝਾਇਆ ਹੈ। ਉਨ੍ਹਾਂ ਨੇ ਇਸ ਸੰਕਲਪ ਨੂੰ ਸਮਝਾਉਣ ਲਈ ਰਾਮ ਅਤੇ ਰਾਵਣ ਵਰਗੇ ਵੱਡੇ ਵੱਡੇ ਰਾਜਿਆਂ ਦੀ ਉਦਾਹਰਨ ਪੇਸ਼ ਕੀਤੀ ਹੈ ਕਿ ਰਾਮ ਅਤੇ ਰਾਵਣ ਵਰਗੇ ਰਾਜਿਆਂ ਨੂੰ ਵੀ ਇਸ ਸੰਸਾਰ ਤੋਂ ਜਾਣਾ ਪਿਆ ਸੀ। ਉਨ੍ਹਾਂ ਦੇ ਵੱਡੇ ਪਰਿਵਾਰ ਵੀ ਉਨ੍ਹਾਂ ਨੂੰ ਜਾਣ ਤੋਂ ਰੋਕ ਨਾ ਸਕੇ ਕਿਉਂਕਿ ਮੌਤ ਸਦਾ ਅਟੱਲ ਹੁੰਦੀ ਹੈ। ਉਦਾਹਰਨ:-

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥[9]

ਉਪਰੋਕਤ ਸਲੋਕ ਅਨੁਸਾਰ ਗੁਰੂ ਜੀ ਇਹ ਸਮਝਾਉਂਦੇ ਹਨ ਕਿ ਇਹ ਸੰਸਾਰ ਸੁਪਨੇ ਦੇ ਸਮਾਨ ਹੈ। ਇਸ ਮਾਨਵ ਜਗਤ ਵਿਚ ਕੋਈ ਵੀ ਸ਼ੈਅ ਸਦਾ ਕਾਇਮ ਰਹਿਣ ਵਾਲੀ ਨਹੀਂ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਨਿਹਿਤ ਨਾਸ਼ਮਾਨਤਾ ਦੇ ਸੰਕਲਪ ਬਾਰੇ ਬਿਕਰਮ ਸਿੰਘ ਘੁੰਮਣ ਦੇ ਵਿਚਾਰ ਕੁਝ ਇਸ ਤਰ੍ਹਾਂ ਹਨ:

> ਤਤਕਾਲੀਨ ਭਾਰਤ ਵਿਚ ਲੋਭ ਅਤੇ ਮੋਹ ਦੀ ਪਕੜ ਬੜੀ ਪੱਕੀ ਸੀ। ਗੁਰੂ ਜੀ ਵਲੋਂ ਉਸ ਸਮੇਂ ਨਾਸ਼ਮਾਨਤਾ ਦਾ ਬਿਆਨ ਕਰਨਾ ਜਰੂਰੀ ਸੀ, ਤਾਂ ਕਿ ਮਨੁੱਖ ਇਨ੍ਹਾਂ ਸੰਸਾਰੀ ਪਦਾਰਥਾਂ ਵਲੋਂ ਉਪਰਾਮ ਹੋ ਸਕੇ। ਇਸੇ ਲਈ ਜੀਵਨ ਦੀ ਨਾਸ਼ਮਾਨਤਾ ਉੱਤੇ ਗੁਰੂ ਸਾਹਿਬ ਨੇ ਸਭ ਤੋਂ ਵੱਧ ਲਿਖਿਆ ਹੈ।[10]

ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਮਨੁੱਖੀ ਜਗਤ ਨੂੰ ਅਸਥਿਰ ਕਿਹਾ ਹੈ। ਉਹ ਮਨੁੱਖੀ ਜੀਵਨ ਦੀ ਅਸਥਿਰਤਾ ਭਾਵ ਨਾਸ਼ਮਾਨਤਾ ਦੀ ਤੁਲਨਾ ਪਾਣੀ ਦੇ ਬੁਲਬੁਲੇ ਨਾਲ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਪਾਣੀ ਦਾ ਬੁਲਬੁਲਾ ਪਾਣੀ ਵਿਚੋਂ ਹੀ ਥੋੜੇ ਸਮੇਂ ਲਈ ਆਪਣਾ ਰੂਪ ਧਾਰਣ ਕਰਦਾ ਹੈ ਅਤੇ ਪਲਕ ਝਪਕਦਿਆਂ ਹੀ ਉਹ ਬੁਲਬੁਲਾ ਪਾਣੀ ਵਿਚ ਹੀ ਮੁੜ੍ਹ ਮਿਲ ਜਾਂਦਾ ਹੈ, ਠੀਕ ਉਸੇ ਤਰ੍ਹਾਂ ਹੀ ਇਹ ਮਨੁੱਖੀ ਸਰੀਰ ਪੰਜ ਤੱਤਾਂ ਤੋਂ ਬਣਿਆ ਹੈ ਅਤੇ ਅੰਤ ਵੇਲੇ ਪੰਜ ਤੱਤਾਂ ਵਿਚ ਹੀ ਵਿਲੀਨ ਹੋ ਜਾਂਦਾ ਹੈ। ਭਾਵ ਇਸ ਮਨੁੱਖੀ ਜਗਤ ਦੀ ਹੋਂਦ ਵੀ ਪਾਣੀ ਦੇ ਬੁਲਬੁਲੇ ਦੇ ਸਮਾਨ ਹੈ ਥੋੜਚਿਰੀ ਹੈ। ਉਦਾਹਰਨ:


© Copyright @ Authors

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ॥ [11]

ਇੰਜ ਹੀ ਗੁਰੂ ਜੀ ਦੇ ਮਨੁੱਖੀ ਹੋਂਦ ਅਤੇ ਸੰਸਾਰਕ ਵਸਤਾਂ ਦੇ ਸੰਬੰਧ ਵਿਚ ਵਿਚਾਰ ਸਨ ਕਿ ਸੰਸਾਰਕ ਜੀਵ ਜਾਂ ਦ੍ਰਿਸ਼ਟਮਾਨ ਜਗਤ ਧੂੰਏ ਦੇ ਪਹਾੜ, ਬੱਦਲ ਦੀ ਛਾਂ, ਸੁਪਨੇ ਆਦਿ ਦੇ ਸਮਾਨ ਹਨ ਜੋ ਕਿ ਸਦਾ ਕਾਇਮ ਨਹੀਂ ਰਹਿੰਦੇ। ਜਿਵੇਂ ਧੂੰਏ ਦੇ ਪਹਾੜ, ਅਸਮਾਨ ਵਿਚ ਛਾਏ ਹੋਏ ਬੱਦਲ, ਨੀਂਦਰ ਵਿਚ ਆਉਣ ਵਾਲਾ ਸੁਪਨਾ ਕੁੱਝ ਸਮੇਂ ਬਾਅਦ ਆਪਣੀ ਹੋਂਦ ਗਵਾ ਲੈਂਦੇ ਹਨ ਤਿਵੇਂ ਹੀ ਮਨੁੱਖੀ ਜਗਤ ਦੀਆਂ ਵਸਤੂਆਂ ਅਤੇ ਜੀਵ ਜੰਤ ਹਨ ਜੋ ਨਿਸ਼ਚਿਤ ਸਮੇਂ ਬਾਅਦ ਆਪਣਾ ਰੂਪ ਭਾਵ ਹੋਂਦ ਗਵਾ ਬੈਠਦੇ ਹਨ। ਉਦਾਹਰਨ:

ਜੋ ਦੀਸੈ ਸੋ ਸਗਲ ਬਿਨਾਸੈ

ਜਿਉ ਬਾਦਰ ਕੀ ਛਾਹੀ॥ [12]

ਇੰਜ ਉਪਰੋਕਤ ਉਦਾਹਰਣਾਂ ਤੋਂ ਗੁਰੂ ਜੀ ਵਲੋਂ ਮਨੁੱਖ ਨੂੰ ਸੰਸਾਰਕ ਨਾਸ਼ਮਾਨਤਾ ਦੇ ਸੱਚ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਮਨੁੱਖ ਦੇ ਮਨ ਨੂੰ ਸੰਸਾਰਕ ਪਦਾਰਥਾਂ ਅਤੇ ਮਨੁੱਖੀ ਰਿਸ਼ਤਿਆਂ ਦੇ ਮੋਹ ਤੋਂ ਨਿਖੇੜਿਆ ਜਾ ਸਕੇ ਅਤੇ ਪ੍ਰਭੂ ਸਿਮਰਨ ਨਾਲ ਜੋੜਿਆ ਜਾ ਸਕੇ। ਗੁਰੂ ਜੀ ਮਨੁੱਖ ਨੂੰ ਜਗਤ ਦੇ ਚਲਾਇਮਾਨ ਭਾਵ ਛਿਣਭੰਗਰ ਪੱਖ ਨੂੰ ਸਮਝਾਉਂਦੇ ਹੋਏ ਇਸ ਨਾਲ ਅਟੁੱਟ ਪ੍ਰੇਮ ਨਾ ਪਾਉਣ ਦੀ ਤਾੜਨਾ ਕਰਦੇ ਹਨ। ਉਹ ਬਾਣੀ ਰਾਹੀਂ ਇਹ ਫਰਮਾਉਂਦੇ ਹਨ ਕਿ ਇਸ ਜਗਤ ਨੂੰ ਸੁਪਨਾ ਜਾ ਤਮਾਸ਼ੇ ਵਾਂਗ ਅਸਥਿਰ ਜਾਨਣਾ ਚਾਹੀਦਾ ਹੈ ਅਤੇ ਇਹ ਸੱਚ ਨੂੰ ਸਮਝਣਾ ਚਾਹੀਦਾ ਹੈ ਕਿ ਪਰਮਾਤਮਾ ਹੀ ਅਸਲ ਸੱਚ ਹੈ। ਪਰਮਾਤਮਾ ਤੋਂ ਬਿਨਾਂ ਸਾਰਾ ਜਗਤ ਮਿਥਿਆ ਅਥਵਾ ਝੂਠ ਹੈ। ਉਦਾਹਰਨ:

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ [13]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਅਹਿਮ ਪੱਖ ਨਾਮ ਸਿਮਰਨ ਹੀ ਰਿਹਾ ਹੈ। ਉਨ੍ਹਾਂ ਦਾ ਮੰਤਵ ਮਨੁੱਖ ਨੂੰ ਨਾਮ ਸਿਮਰਨ ਦਾ ਮਹੱਤਵ ਸਮਝਾ ਕੇ ਉਸ ਪ੍ਰਭੂ ਦੀ ਭਗਤੀ ਨਾਲ ਜੋੜਨਾ ਰਿਹਾ ਹੈ। ਗੁਰੂ ਜੀ ਆਪਣੀ ਬਾਣੀ ਵਿਚ ਥਾਂ-ਥਾਂ ਤੇ ਨਾਮ ਦੇ ਮਹੱਤਵ ਨੂੰ ਦਰਸਾਉਂਦੇ ਨਜ਼ਰ ਆਉਂਦੇ ਹਨ।ਜਿਵੇਂ:-

ਹਰਿ ਕੇ ਨਾਮ ਬਿਨਾ ਦੁਖੁ ਪਾਵੈ॥

ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥ [14]

ਇੰਜ ਗੁਰੂ ਸਾਹਿਬ ਬਾਣੀ ਰਾਹੀਂ ਨਾਮ ਦੇ ਮਹੱਤਵ ਨੂੰ ਸਮਝਾਉਂਦੇ ਹੋਏ ਇਹ ਫਰਮਾਉਂਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਵਿਹੂਣਾ ਮਨੁੱਖ ਸਦਾ ਦੁੱਖ ਭੋਗਦਾ ਹੈ ਅਤੇ ਚਿੰਤਾਵਾਂ ਵਿਚ ਘਿਰਿਆ ਰਹਿੰਦਾ ਹੈ। ਅਸਲ ਵਿਚ ਉਸ ਪ੍ਰਭੂ ਤੋਂ ਵੱਡਾ ਕੋਈ ਨਹੀਂ। ਉਸ ਦੇ ਨਾਮ ਨੂੰ ਸਿਮਰਨ ਵਾਲਾ ਵਿਅਕਤੀ ਸਾਰੇ ਸੰਕਟਾਂ, ਪਰੇਸ਼ਾਨੀਆਂ ਤੋਂ ਮੁਕਤੀ ਪਾ ਜਾਂਦਾ ਹੈ ਅਤੇ ਪ੍ਰਭੂ ਦੇ ਦਰਸ਼ਨ ਪਾ ਲੈਂਦਾ ਹੈ। ਇਸ ਲਈ ਮਨੁੱਖ ਨੂੰ ਪ੍ਰਭੂ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ। ਨਾਮ ਸਿਮਰਨ ਦੀ ਮਹੱਹਤਾ ਨੂੰ ਪ੍ਰਗਟਾਉਂਦੀ ਇਕ ਹੋਰ ਉਦਾਹਰਨ ਹੈ:

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥

ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥ [15]

ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖੀ ਜੀਵਨ ਵਿਚ ਗੁਰੂ ਦੇ ਮਹੱਤਵ ਬਾਰੇ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਹੈ। ਗੁਰੂ ਜੀ ਮਨਮੁੱਖ ਮਨੁੱਖ ਨੂੰ ਇਹ ਸਮਝਾਉਂਦੇ ਹਨ ਕਿ ਮਨੁੱਖੀ ਜੀਵਨ ਨੂੰ ਸਫ਼ਲ ਬਣਾਉਂਣ ਲਈ ਗੁਰੂ ਦਾ ਅਹਿਮ ਯੋਗਦਾਨ ਹੁੰਦਾ ਹੈ ਕਿਉਂਕਿ ਇਕ ਗੁਰੂ ਹੀ ਮਨੁੱਖ ਨੂੰ ਪਰਮਾਤਮਾ ਨਾਲ ਮਿਲਣ ਦੀ ਸਹੀ ਰਾਹ ਦਸ ਸਕਦਾ ਹੈ। ਅਸਲ ਵਿਚ ਗੁਰੂ ਹੀ ਮਨੁੱਖ ਨੂੰ ਇਹ ਸੱਚ ਦੱਸਦਾ ਹੈ ਕਿ ਪਰਮਾਤਮਾ ਉਸ ਦੇ ਹਿਰਦੇ ਅੰਦਰ ਵੀ ਮੌਜੂਦ ਹੈ ਅਤੇ ਬਾਹਰ ਦਿਸਦੇ ਜਗਤ ਵਿਚ ਵੀ ਬਿਰਾਜਮਾਨ ਹੈ। ਉਦਾਹਰਨ:

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ [16]

ਉਪਰੋਕਤ ਅਨੁਸਾਰ ਹੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਸਦਾਚਾਰਕ ਜੀਵਨ ਜਿਉਣ ਦੀ ਪ੍ਰੇਰਨਾ ਵੀ ਦਿੰਦੀ ਹੈ। ਗੁਰੂ ਜੀ ਨੇ ਮਨੁੱਖ ਨੂੰ ਵਿਸ਼ੇ-ਵਿਕਾਰਾਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਤਿਆਗ ਕਰਕੇ, ਆਡੰਬਰਾਂ ਤੋਂ ਦੂਰ ਰਹਿ ਕੇ ਸੱਚੇ ਮਨ ਅਤੇ ਲਗਨ ਨਾਲ ਪ੍ਰਭੂ ਸਿਮਰਨ ਨਾਲ ਜੁੜਨ ਲਈ ਪ੍ਰੇਰਿਆ ਹੈ। ਗੁਰੂ ਜੀ ਫਰਮਾਉਂਦੇ ਹਨ ਕਿ ਮਨੁੱਖ ਨੂੰ ਮਾਣ, ਹੰਕਾਰ, ਬੁਰੇ ਵਿਅਕਤੀ ਦੀ ਸੰਗਤ ਆਦਿ ਨੂੰ ਤਿਆਗਣਾ ਚਾਹੀਦਾ ਹੈ। ਉਦਾਹਰਨ:

ਸਾਧੋ ਮਨ ਕਾ ਮਾਨੁ ਤਿਆਗਉ॥


© Copyright @ Authors

ਕਾਮ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ॥[17]

ਇਸ ਤਰ੍ਹਾਂ ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਗੁਰਮਤਿ ਆਸ਼ੇ ਅਨੁਸਾਰ ਹੈ। ਗੁਰੂ ਜੀ ਦੀ ਬਾਣੀ ਮਾਨਵ ਹਿਤੈਸ਼ੀ ਹੈ ਅਤੇ ਸਮੁੱਚੀ ਮਾਨਵਤਾ ਦੇ ਕਲਿਆਣ ਦੀ ਭਾਵਨਾ ਨਾਲ ਓਤ-ਪ੍ਰੋਤ ਹੈ। ਇਕ ਗੁਰੂ ਸਿੱਖ ਵਿਅਕਤੀ ਨੂੰ ਗੁਰਬਾਣੀ ਦੇ ਸਿਧਾਤਾਂ ਨੂੰ ਸਮਝਣਾ ਅਤੇ ਗ੍ਰਹਿਣ ਕਰਨਾ ਚਾਹੀਦਾ ਹੈ। ਗੁਰਬਾਣੀ ਅਨੁਸਾਰ ਜੀਵਨ ਗੁਜ਼ਾਰਨ ਵਾਲਾ ਵਿਅਕਤੀ ਦੁਨਿਆਵੀ ਚਿੰਤਾਵਾਂ ਅਤੇ ਪਰੇਸ਼ਾਨੀਆਂ ਦੇ ਸੰਕਟ ਤੋਂ ਮੁਕਤ ਹੋ ਕੇ, ਭਟਕਣਾ ਰਹਿਤ, ਸੁੱਖਾਂ ਵਾਲਾ ਜੀਵਨ ਬਤੀਤ ਕਰ ਸਕਦਾ ਹੈ।

**ਹਵਾਲੇ**

1. ਤਾਰਨ ਸਿੰਘ, ਗੁਰੂ ਤੇਗ਼ ਬਹਾਦਰ ਜੀਵਨ ਤੇ ਸਿੱਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ-02
2. ਸ੍ਰੀ ਗੁਰੂ ਗ੍ਰਥ ਸਾਹਿਬ, ਪੰਨਾ-219
3. ਉਹੀ,
4. ਉਹੀ, ਪੰਨਾ-220
5. ਉਹੀ, ਪੰਨਾ-537
6. ਉਹੀ, ਪੰਨਾ-1426
7. ਉਹੀ, ਪੰਨਾ-537
8. ਉਹੀ, ਪੰਨਾ-1427
9. ਉਹੀ, ਪੰਨਾ-1429
10. ਬਿਕਰਮ ਸਿੰਘ ਘੁੰਮਣ, ਗੁਰੂ ਤੇਗ਼ ਬਹਾਦਰ ਜੀ ਜੀਵਨ, ਚਿੰਤਨ ਤੇ ਬਾਣੀ, ਸੰਸਾਰ ਦੀ ਨਾਸ਼ਮਾਨਤਾ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003, ਪੰਨਾ-57
11. ਸ੍ਰੀ ਗੁਰੂ ਗ੍ਰਥ ਸਾਹਿਬ, ਪੰਨਾ-1427
12. ਉਹੀ, ਪੰਨਾ-1231
13. ਉਹੀ, ਪੰਨਾ-1427
14. ਉਹੀ, ਪੰਨਾ-830-31
15. ਉਹੀ, ਪੰਨਾ-1429
16. ਉਹੀ, ਪੰਨਾ-684
17. ਉਹੀ, ਪੰਨਾ-219


© Copyright @ Authors